ASIAN AMERICANS
ADVANCING
JUSTICE
AAJC

## ***2020 ਜਨ-ਗਣਨਾ ਮੁਕੱਦਮੇਬਾਜ਼ੀ ਅਤੇ ਏਸ਼ੀਆਈ ਅਮਰੀਕੀ ਸਮੁਦਾਇਆਂ ਦੇ ਲਈ ਇਸ ਦਾ ਕੀ ਮਤਲਬ ਹੈ***

ਅਮਰੀਕੀ ਸੁਪਰੀਮ ਕੋਰਟ ਵੱਲੋਂ ਪ੍ਰਸ਼ਾਸਨ ਨੂੰ 2020 ਦੀ ਜਨ-ਗਣਨਾ ਵਿੱਚ ਨਾਗਰਿਕਤਾ ਦਾ ਸਵਾਲ ਸ਼ਾਮਲ ਕਰਨ ਤੋਂ ਰੋਕਣ ਤੋਂ ਬਾਅਦ, ਪ੍ਰਸ਼ਾਸਨ ਨੇ 2020 ਦੀ ਜਨ-ਗਣਨਾ ਨੂੰ ਕਮਜ਼ੋਰ ਕਰਨ ਦੇ ਲਈ ਅਤੇ ਪਹਿਲਾਂ ਘੱਟ ਗਿਣੇ ਗਏ ਸਮੁਦਾਇਆਂ ਨੂੰ ਸਾਡੀ ਰਾਜਨੀਤਿਕ ਪ੍ਰਕਿਰਿਆ ਵਿੱਚ ਪੂਰਨ ਅਤੇ ਸਟੀਕ ਢੰਗ ਨਾਲ ਗਿਣੇ ਜਾਣ ਅਤੇ ਪ੍ਰਤੀਨਿੱਧ ਕੀਤੇ ਜਾਣ ਤੋਂ ਰੋਕਣ ਦੇ ਲਈ ਹੋਰਾਂ ਤਰੀਕਿਆਂ ਦੀ ਵਰਤੋਂ ਕੀਤੀ। www.CountUsIn2020.org 'ਤੇ 2020 ਦੀ ਜਨ-ਗਣਨਾ ਅਤੇ ਇਸ ਬਾਰੇ ਹੋਰ ਜਾਣੋ ਕਿ ਇਹ ਸਾਡੇ ਸਮੁਦਾਇਆਂ ਦੇ ਲਈ ਜ਼ਰੂਰੀ ਕਿਉਂ ਹੈ।

### ***ਪ੍ਰਮੁੱਖ ਨਤੀਜੇ:***

1. ਸੰਵਿਧਾਨ ਦੇ ਅਨੁਸਾਰ, ਜਨ-ਗਣਨਾ ਵਿੱਚ ਹਰੇਕ ਵਿਅਕਤੀ ਨੂੰ ਗਿਣਿਆ ਜਾਣਾ ਚਾਹੀਦਾ ਹੈ। ਇਮੀਗ੍ਰੇਸ਼ਨ ਸਟੇਟਸ 'ਤੇ ਧਿਆਨ ਨਾ ਦੇ ਕੇ, ਸਾਡੇ ਸਮੁਦਾਇਆਂ ਵਿਚਲੇ ਹਰੇਕ ਵਿਅਕਤੀ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।
2. ਜਨ-ਗਣਨਾ ਸਾਡੇ ਸਮੁਦਾਇਆਂ ਨੂੰ ਮਿਲਣ ਵਾਲੇ ਸੰਘੀ ਧਨ ਅਤੇ ਸੰਸਾਧਨਾਂ ਅਤੇ ਹੋਰ ਦੱਸ ਸਾਲਾਂ ਦੇ ਲਈ ਸਾਡੇ ਰਾਜਨੀਤਿਕ ਪ੍ਰਤੀਨਿੱਧ ਅਤੇ ਅਵਾਜ਼ ਨੂੰ ਪ੍ਰਭਾਵਤ ਕਰਦੀ ਹੈ। ਸੰਸਾਧਨਾਂ ਵਿੱਚ ਸਾਡੀ ਉਚਿਤ ਹਿੱਸੇਦਾਰੀ ਪ੍ਰਾਪਤ ਕਰਨ ਦੇ ਲਈ ਸਾਨੂੰ ਇੱਕ ਪੂਰਨ ਅਤੇ ਸਟੀਕ ਗਿਣਤੀ ਦੀ ਲੋੜ ਹੈ।
3. ਹੁਣ ਜਦੋਂ 2020 ਦੀ ਜਨ-ਗਣਨਾ ਦੀ ਗਿਣਤੀ ਖਤਮ ਹੋ ਗਈ ਹੈ, ਤਾਂ ਜਨ-ਗਣਨਾ ਬਿਊਰੋ ਦੇ ਕੋਲ ਉਹਨਾਂ ਵੱਲੋਂ ਇਕੱਠੇ ਕੀਤੇ ਗਏ ਡੇਟਾ 'ਤੇ ਪ੍ਰਕਿਰਿਆ ਕਰਨ ਅਤੇ ਕਿਸੇ ਵੀ ਗਲਤੀ ਦੀ ਪਛਾਣ ਕਰਨ ਦੇ ਲਈ ਕਾਫੀ ਸਮਾਂ ਹੋਣਾ ਚਾਹੀਦਾ ਹੈ। 31 ਦਿਸੰਬਰ ਤੱਕ ਅੰਤਿਮ ਸੰਖਿਆਵਾਂ ਦੀ ਰਿਪੋਰਟ ਕਰਨ ਦੇ ਲਈ ਡੇਟਾ ਪ੍ਰਕਿਰਿਆ ਵਿੱਚ ਤੇਜ਼ੀ ਕਰਨ ਨਾਲ ਸੰਭਾਵਤ ਤੌਰ 'ਤੇ ਪਹਿਲਾਂ ਘੱਟ ਗਿਣੇ ਗਏ ਸਮੁਦਾਇਆਂ ਦੀ ਗਲਤ ਗਿਣਤੀ ਹੋਵੇਗੀ।

### ***2020 ਦੀ ਜਨ-ਗਣਨਾ ਦੇ ਸੰਬੰਧ ਵਿੱਚ ਚੱਲ ਰਹੇ ਮੁਕੱਦਮਿਆਂ ਵਿੱਚ ਕੀ ਦਾਅ 'ਤੇ ਲੱਗਿਆ ਹੋਇਆ ਹੈ?***

- ਪੂਰਨ ਅਤੇ ਸਟੀਕ ਜਨ-ਗਣਨਾ ਦੇ ਲਈ ਨਿਰੰਤਰ ਲੜਾਈ ਵਿੱਚ ਅਦਾਲਤਾਂ ਵਿੱਚ ਕਈ ਮੁਕੱਦਮੇ ਕੀਤੇ ਜਾ ਰਹੇ ਹਨ। ਮੁਕੱਦਮੇਬਾਜ਼ੀ ਦੇ ਤਿੰਨ ਪ੍ਰਮੁੱਖ ਮੁੱਦੇ ਹੇਠ ਲਿਖੇ ਹਨ: (1) ਗਿਣਤੀ ਅਤੇ ਡੇਟਾ ਪ੍ਰਕਿਰਿਆ ਦੀ ਛੰਟਾਈ; (2) ਕਾਂਗਰਸ ਦੀ ਨਿਯੁਕਤੀ ਪ੍ਰਕਿਰਿਆ ਤੋਂ ਬਿਨਾਂ ਦਸਤਾਵੇਜ਼ ਵਾਲੇ ਪ੍ਰਵਾਸੀਆਂ ਨੂੰ ਬਾਹਰ ਕਰਨ ਦੇ ਲਈ ਰਾਸ਼ਟਰਪਤੀ ਦਾ ਮੈਮੋਰੈਂਡਮ; ਅਤੇ (3) ਰਾਜ-ਵਿਵਸਥੀਕਰਨ ਪ੍ਰਕਿਰਿਆ ਤੋਂ ਗ਼ੈਰ-ਅਮਰੀਕੀ ਨਾਗਰਿਕਾਂ ਨੂੰ ਬਾਹਰ ਕਰਨ ਦੇ ਲਈ ਇੱਕ ਡੇਟਾ ਫਾਈਲ (ਜਿਸ ਨੂੰ ਨਾਗਰਿਕ ਮਤਦਾਨ ਉਮਰ ਜਨਸੰਖਿਆ ਜਾਂ "CVAP" ਫਾਈਲ ਕਿਹਾ ਜਾਂਦਾ ਹੈ) ਦਾ ਨਿਰਮਾਣ। ਏਸ਼ੀਆਈ ਅਮਰੀਕੀ ਉੱਨਤ ਨਿਆਂ | AAJC ("ਉੱਨਤ ਨਿਆਂ-AAJC"), MALDEF (ਮੈਕਸੀਕਨ ਅਮਰੀਕੀ ਕਨੂੰਨ ਰੱਖਿਆ ਅਤੇ ਸਿੱਖਿਅਕ ਫੰਡ) ਦੇ ਸਮੇਤ, ਵਰਤਮਾਨ ਵਿੱਚ ਸੰਘੀ ਅਦਾਲਤ ਵਿੱਚ ਜਨ-ਗਣਨਾ ਨੂੰ ਕਮਜ਼ੋਰ ਕਰਨ ਵਾਲੀਆਂ ਇਹਨਾਂ ਕੋਸ਼ਿਸ਼ਾਂ ਨੂੰ ਚੁਣੌਤੀ ਦੇ ਰਹੇ ਹਨ।
- ***ਸਮੇਂ ਸੀਮਾ ਦੀ ਛੰਟਾਈ:*** ਜਦੋਂ ਕੋਵਿਡ-19 ਮਹਾਮਾਰੀ ਦੇ ਕਰਕੇ ਜਨ-ਗਣਨਾ ਬਿਊਰੋ ਆਪਣੀ ਸੰਚਾਲਨ ਯੋਜਨਾ ਨੂੰ ਬਦਲਣ ਦੇ ਲਈ ਮਜਬੂਰ ਸੀ, ਤਾਂ ਜਨ-ਗਣਨਾ ਬਿਊਰੋ ਨੇ ਨਿਰਧਾਰਤ ਕੀਤਾ ਕਿ ਇੱਕ ਪੂਰਨ ਅਤੇ ਸਟੀਕ ਗਿਣਤੀ ਯਕੀਨੀ ਕਰਨ ਦੇ ਲਈ ਇਸ ਨੂੰ 31 ਅਕਤੂਬਰ, 2020 ਤੱਕ ਗਿਣਤੀ ਜਾਰੀ ਰੱਖਣ ਦੀ ਲੋੜ ਹੈ ਅਤੇ 30 ਅਪ੍ਰੈਲ, 2021 ਤੱਕ ਡੇਟਾ 'ਤੇ ਪ੍ਰਕਿਰਿਆ ਕਰਨ ਨੂੰ ਜਾਰੀ ਰੱਖਣ ਦੀ ਲੋੜ ਹੈ। ਪਰ, ਅਗਸਤ ਵਿੱਚ, ਜਨ-ਗਣਨਾ ਬਿਊਰੋ ਨੇ ਅਚਾਨਕ ਘੋਸ਼ਣਾ ਕੀਤੀ ਕਿ ਉਹ 30 ਸਿਤੰਬਰ, 2020 ਨੂੰ ਗਿਣਤੀ ਨੂੰ ਖਤਮ ਕਰਕੇ ਜਨ-ਗਣਨਾ ਕਰਨ ਦੇ ਲਈ ਲੁੜੀਂਦੇ ਸਮੇਂ ਵਿੱਚ ਕਟੌਤੀ ਕਰੇਗਾ ਅਤੇ 31 ਦਿਸੰਬਰ, 2020 ਤੱਕ ਡੇਟਾ ਦੀ ਪ੍ਰਕਿਰਿਆ ਕਰੇਗਾ ਅਤੇ ਰਾਸ਼ਟਰਪਤੀ ਨੂੰ ਅੰਤਿਮ ਗਿਣਤੀ ਦੀ ਰਿਪੋਰਟ ਕਰੇਗਾ।

- ***ਰਾਸ਼ਟਰਪਤੀ ਦਾ ਮੈਮੋਰੈਂਡਮ:*** ਇਮੀਗ੍ਰੇਸ਼ਨ ਸਟੇਟਸ 'ਤੇ ਧਿਆਨ ਨਾ ਦੇ ਕੇ, ਹਰੇਕ ਵਿਅਕਤੀ ਨੂੰ ਦੱਸ ਸਾਲਾਂ ਦੀ ਗਨ-ਗਣਨਾ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ, 21 ਜੁਲਾਈ, 2020 ਨੂੰ ਰਾਸ਼ਟਰਪਤੀ ਟ੍ਰੰਪ ਨੇ ਰਾਜਾਂ ਵਿੱਚ ਕਾਂਗਰਸ ਦੀਆਂ ਸੀਟਾਂ ਵੰਡਣ ਦੇ ਲਈ ਵਰਤੋਂ ਕੀਤੀ ਜਾਣ ਵਾਲੀ ਜਨ-ਗਣਨਾ ਦੀ ਗਿਣਤੀ ਤੋਂ ਬਿਨਾਂ ਦਸਤਾਵੇਜ਼ ਵਾਲੇ ਪ੍ਰਵਾਸੀਆਂ ਨੂੰ ਬਾਹਰ ਕਰਨ ਦੇ ਲਈ ਇੱਕ ਮੈਮੋ ਜਾਰੀ ਕੀਤਾ। ਸੰਵਿਧਾਨ ਵਿੱਚ ਕਿਹਾ ਗਿਆ ਹੈ ਕਿ ਕਾਂਗਰਸ ਦੀਆਂ ਸੀਟਾਂ ਨੂੰ "ਹਰੇਕ ਰਾਜ ਵਿੱਚ ਵਿਅਕਤੀਆਂ ਦੀ ਪੂਰਨ ਸੰਖਿਆ" ਦੇ ਅਧਾਰ 'ਤੇ ਵੰਡਿਆ ਜਾਣਾ ਚਾਹੀਦਾ ਹੈ ਤਾਂ ਜੋ ਰਾਜਾਂ ਦਾ ਪ੍ਰਤੀਨਿੱਧ ਉਹਨਾਂ ਦੀ ਜਨਸੰਖਿਆ ਦੇ ਅਨੁਪਾਤ ਵਿੱਚ ਕੀਤਾ ਜਾਵੇ। ਨਿਯੁਕਤੀ ਪ੍ਰਕਿਰਿਆ ਗਿਣਤੀ ਤੋਂ ਬਿਨਾ ਦਸਤਾਵੇਜ਼ ਵਾਲੇ ਪ੍ਰਵਾਸੀਆਂ ਨੂੰ ਕੱਢਣਾ ਇੱਕ ਅਨੋਖੀ ਅਤੇ ਸੰਵਿਧਾਨ ਵਿਰੋਧੀ ਗੱਲ ਹੈ ਅਤੇ ਇਸ ਨਾਲ ਵੱਡੀ ਸੰਖਿਆ ਵਿੱਚ ਪ੍ਰਵਾਸੀ ਸਮੁਦਾਇਆਂ ਵਾਲੇ ਸਥਾਨਾਂ ਤੋਂ ਰਾਜਨੀਤਿਕ ਪ੍ਰਤੀਨਿੱਧ ਦੂਰ ਹੋ ਜਾਵੇਗਾ।
- ***CVAP ਫਾਈਲ***: ਜੁਲਾਈ 2019 ਵਿੱਚ, ਸੁਪਰੀਮ ਕੋਰਟ ਵੱਲੋਂ ਨਾਗਰਿਕਤਾ ਦੇ ਸਵਾਲ ਨੂੰ ਸ਼ਾਮਲ ਕਰਨ ਤੋਂ ਰੋਕਣ ਦੇ ਕੁਝ ਹੀ ਦਿਨਾਂ ਬਾਅਦ, ਰਾਸ਼ਟਰਪਤੀ ਟ੍ਰੰਪ ਨੇ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ, ਜਿਸ ਵਿੱਚ ਜਨ-ਗਣਨਾ ਬਿਊਰੋ ਨੂੰ ਸੰਘੀ ਅਤੇ ਰਾਜ ਏਜੰਸੀਆਂ ਤੋਂ ਨਾਗਰਿਕਤਾ ਡੇਟਾ ਇਕੱਠਾ ਕਰਨ ਦਾ ਆਦੇਸ਼ ਦਿੱਤਾ ਗਿਆ ਸੀ, ਤਾਂ ਜੋ ਰਾਜ ਗ਼ੈਰ-ਅਮਰੀਕੀ ਨਾਗਰਿਕਾਂ ਨੂੰ ਜਨਸੰਖਿਆ ਦੀ ਗਿਣਤੀ ਤੋਂ ਬਾਹਰ ਕਰ ਸਕੇ ਜਿਸਦੀ ਵਰਤੋਂ ਰਾਜ ਦੇ ਵਿਧਾਨਕ ਜ਼ਿਲ੍ਹਿਆਂ ਲਈ ਕੀਤੀ ਜਾਂਦੀ ਹੈ। ਬਲੌਂਕ ਪੱਧਰ 'ਤੇ ਕੇਵਲ ਨਾਗਰਿਕਤਾ ਵਾਲੇ ਡੇਟਾ ਦੇ ਨਾਲ CVAP ਫਾਈਲ ਦੀ ਵਰਤੋਂ ਕਰਨ ਨਾਲ ਪ੍ਰਵਾਸੀ ਸਮੁਦਾਇਆਂ ਵਿੱਚ ਰਹਿ ਰਹੇ ਲਤੀਨੀਆਂ ਅਤੇ ਏਸ਼ੀਆਈ ਅਮਰੀਕੀਆਂ ਦੀ ਰਾਜਨੀਤਿਕ ਸ਼ਕਤੀ ਵਿੱਚ ਗ਼ੈਰ-ਅਨੁਪਾਤੀ ਡੰਗ ਨਾਲ ਕਮੀ ਆਏਗੀ।

## *ਮੌਜੂਦਾ ਭੂ-ਦ੍ਰਿਸ਼ ਕੀ ਹੈ?*[1]

- 2020 ਦੀ ਜਨ-ਗਣਨਾ ਦੇ ਲਈ ਗਿਣਤੀ 15 ਅਕਤੂਬਰ, 2020 ਨੂੰ ਖਤਮ ਹੋਈ। ਸੁਪਰੀਮ ਕੋਰਟ ਨੇ ਓਦੋਂ ਗਿਣਤੀ ਦੀ ਛੰਟਾਈ ਕਰ ਦਿੱਤੀ ਜਦੋਂ ਉਸ ਨੇ ਨਿਚਲੀ ਅਦਾਲਤ ਦੇ ਇੱਕ ਆਦੇਸ਼ 'ਤੇ ਰੋਕ ਲਗਾ ਦਿੱਤੀ ਸੀ ਜਿਸਨੇ ਜਨ-ਗਣਨਾ ਬਿਊਰੋ ਨੂੰ 31 ਅਕਤੂਬਰ ਤੱਕ ਗਿਣਤੀ ਜਾਰੀ ਰੱਖਣ ਦਾ ਨਿਰਦੇਸ਼ ਦਿੱਤਾ ਸੀ, ਜਿਵੇਂ ਕਿ ਜਨ-ਗਣਨਾ ਬਿਊਰੋ ਨੇ ਮੂਲ ਤੌਰ 'ਤੇ ਕੋਵਿਡ-19 ਮਾਹਾਮਰੀ ਦੇ ਬਾਅਦ ਯੋਜਨਾ ਬਣਾਈ ਸੀ।
- ਹੁਣ ਜਦੋਂ ਗਿਣਤੀ ਖਤਮ ਹੋ ਗਈ ਹੈ, ਜਨ-ਗਣਨਾ ਬਿਊਰੋ ਨੂੰ ਉਸ ਵੱਲੋਂ ਇਕੱਠੇ ਕੀਤੇ ਗਏ ਡੇਟਾ 'ਤੇ ਪ੍ਰਕਿਰਿਆ ਕਰਨੀ ਹੋਵੇਗੀ ਅਤੇ ਰਿਪੋਰਟਿੰਗ ਦੇ ਲਈ ਸੰਖਿਆਵਾਂ ਨੂੰ ਤਿਆਰ ਕਰਨਾ ਹੋਵੇਗਾ। ਇਹ "ਡੇਟਾ ਸੰਗ੍ਰਿਹ ਤੋਂ ਬਾਅਦ ਦੀ ਪ੍ਰਕਿਰਿਆ" ਕਿਸੇ ਵੀ ਗਲਤੀ ਦੀ ਪਛਾਣ ਕਰਨ ਅਤੇ ਇੱਕ ਸਟੀਕ ਗਿਣਤੀ ਯਕੀਨੀ ਕਰਨ ਦੇ ਲਈ ਮਹੱਤਪੂਰਨ ਹੈ।
- ਜਨ-ਗਣਨਾ ਬਿਊਰੋ ਦੇ ਲਈ ਰਾਸ਼ਟਰਪਤੀ ਨੂੰ ਅੰਤਿਮ 2020 ਦੀ ਗਿਣਤੀ ਪ੍ਰਸਤੁਤ ਕਰਨ ਦੀ ਵਰਤਮਾਨ ਸਮੇਂ ਸੀਮਾ 31 ਦਿਸੰਬਰ, 2020 ਹੈ। ਹਾਲਾਂਕਿ, ਜਨ-ਗਣਨਾ ਬਿਊਰੋ ਨੇ ਪਹਿਲਾਂ ਵੀ ਵਾਰ-ਵਾਰ ਕਿਹਾ ਹੈ ਕਿ ਇਸ ਸਮੇਂ ਸੀਮਾ ਨੂੰ ਪੂਰਾ ਕਰਨ ਦੇ ਲਈ ਕਾਫੀ ਸਮਾਂ ਨਹੀਂ ਹੈ, ਅਤੇ ਇਹ ਯਕੀਨੀ ਕਰਨ ਦੇ ਲਈ ਉਹਨਾਂ ਨੂੰ 30 ਅਪ੍ਰੈਲ 2021 ਤੱਕ ਦਾ ਸਮਾਂ ਚਾਹੀਦਾ ਹੈ ਕਿ ਉਹ ਸਾਰੇ ਜ਼ਰੂਰੀ ਡੇਟਾ ਪ੍ਰਕਿਰਿਆ ਦੇ ਚਰਨਾਂ ਦਾ ਸੰਚਾਲਨ ਕਰ ਸਕੇ।
- ਕਈ ਮੁਕੱਦਮਿਆਂ ਵਿੱਚ ਬੇਨਤੀ ਕੀਤੀ ਗਈ ਹੈ ਕਿ 31 ਦਿਸੰਬਰ ਦੀ ਸਮੇਂ ਸੀਮਾ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਕੈਲੀਫੋਰਨੀਆ ਵਿੱਚ ਇੱਕ ਸੰਘੀ ਜੱਜ ਨੇ ਸਹਿਮਤੀ ਜਤਾਈ ਅਤੇ ਰਿਪੋਰਟਿੰਗ ਦੇ ਲਈ 30 ਅਪ੍ਰੈਲ, 2021 ਦੀ ਸਮੇਂ ਸੀਮਾ ਨੂੰ ਬਹਾਲ ਕੀਤਾ। ਸਰਕਾਰ ਨੇ ਉਸ ਫੈਸਲੇ ਦੀ ਅਪੀਲ ਕੀਤੀ, ਅਤੇ ਫੈਸਲੇ ਨੂੰ ਅਪੀਲ 'ਤੇ ਰੱਖੇ ਜਾਣ ਦੇ ਨਾਲ ਫੈਸਲੇ 'ਤੇ ਰੋਕ ਲਗਾਈ ਹੋਈ ਹੈ। ਇਸਦਾ ਮਤਬਲ ਇਹ ਹੈ ਕਿ ਫਿਲਹਾਲ, ਜਨ-ਗਣਨਾ ਬਿਊਰੋ ਨੂੰ 31

[1] ਪਿਛਲੀ ਵਾਰ 26 ਅਕਤੂਬਰ, 2020 ਨੂੰ ਅਪਡੇਟ ਕੀਤਾ ਗਿਆ। ਜਿਵੇਂ-ਜਿਵੇਂ ਮੁਕੱਦਮੇ ਦੀ ਕਾਰਵਾਈ ਅੱਗੇ ਵਧੇਗੀ, ਜ਼ਮੀਨੀ ਹਕੀਕਤ 'ਤੇ ਪਰਿਸਥਿਤੀਆਂ ਵਿੱਚ ਬਦਲਾਅ ਆਏਗਾ।

ਦਿਸੰਬਰ, 2020 ਤੱਕ ਨਿਯੁਕਤੀ ਪ੍ਰਕਿਰਿਆ ਗਿਣਤੀ ਦੀ ਰਿਪੋਰਟ ਕਰਨ ਅਤੇ ਉਹਨਾਂ ਦੀ ਯੋਜਨਾ ਦੇ ਉਲਟ ਪੋਸਟ-ਪ੍ਰੋਸੈਸਿੰਗ ਨੂੰ ਸੰਚਾਲਤ ਕਰਨ ਦੇ ਕੰਮ ਨੂੰ ਅੱਧੇ ਤੋਂ ਵੀ ਘੱਟ ਸਮੇਂ ਵਿੱਚ ਕਰਨ ਦਾ ਕੰਮ ਸੌਂਪਿਆ ਗਿਆ ਹੈ।

- ਗੱਲ੍ਹ ਰਹੀ ਰਾਸ਼ਟਰਪਤੀ ਦੇ ਮੈਮੋ ਦੀ, ਤਾਂ 10 ਸਿਤੰਬਰ, 2020 ਨੂੰ, ਨਿਊ ਯੌਰਕ ਵਿੱਚ ਤਿੰਨ ਸੰਘੀ ਜੱਜਾਂ ਦੇ ਇੱਕ ਪੈਨਲ ਨੇ ਫੈਸਲਾ ਸੁਣਾਇਆ ਕਿ ਬਿਨਾ ਦਸਤਾਵੇਜ਼ ਵਾਲੇ ਪ੍ਰਵਾਸੀਆਂ ਨੂੰ ਕਾਂਗਰਸ ਦੀ ਨਿਯੁਕਤੀ ਪ੍ਰਕਿਰਿਆ ਗਿਣਤੀ ਤੋਂ ਬਾਹਰ ਕਰਨ ਗ਼ੈਰ-ਕਨੂੰਨੀ ਸੀ। ਟ੍ਰੰਪ ਪ੍ਰਸ਼ਾਸਨ ਨੇ ਇਸ ਫੈਸਲੇ ਦੀ ਅਪੀਲ ਕੀਤੀ ਹੈ ਅਤੇ ਸੁਪਰੀਮ ਕੋਰਟ 30 ਨਵੰਬਰ ਨੂੰ ਇਸ ਮਾਮਲੇ ਦੀ ਸੁਣਵਾਈ ਕਰਨ ਵਾਲਾ ਹੈ।

## *ਏਸ਼ੀਆਈ ਅਮਰੀਕੀ, ਮੂਲ ਹਵਾਈ ਨਿਵਾਸੀਆਂ ਅਤੇ ਪ੍ਰਸ਼ਾਂਤ ਦੀਪ ਸਮੁਦਾਇਆਂ ਦੇ ਲਈ ਇਸਦਾ ਕੀ ਮਤਲਬ ਹੈ?*

- ਅੱਜ, ਮੌਟੇ ਤੌਰ 'ਤੇ ਪੰਜ ਵਿੱਚੋਂ ਇੱਕ ਏਸ਼ੀਆਈ ਅਮਰੀਕੀ ਅਤੇ ਤਿੰਨ ਮੂਲ ਹਵਾਈ ਨਿਵਾਸੀ ਅਤੇ ਪ੍ਰਸ਼ਾਂਤ ਦੀਪ ਸਮੂਹ ਦੇ ਨਿਵਾਸੀ ਅਜਿਹੇ ਗੁਆਂਢ ਵਿੱਚ ਰਹਿੰਦੇ ਹਨ ਜਿੱਥੇ ਗਿਣਤੀ ਕਰਨੀ ਔਖੀ ਹੈ ਅਤੇ ਜਿੰਨ੍ਹਾਂ ਦੀ ਪਹਿਲਾਂ ਜਨ-ਗਣਨਾ ਵਿੱਚ ਘੱਟ ਗਿਣਤੀ ਕੀਤੀ ਗਈ ਹੈ। ਅਗਲੇ ਦੱਸ ਸਾਲਾਂ ਦੇ ਲਈ ਸਿਹਤ ਸੇਵਾ ਅਤੇ ਸਿੱਖਿਆ ਤੋਂ ਲੈ ਕੇ ਅਵਾਸ ਅਤੇ ਟ੍ਰਾਂਸਪੋਰਟੇਸ਼ਨ ਤੱਕ ਸਾਰੀਆਂ ਚੀਜ਼ਾਂ ਦੇ ਲਈ ਇੱਕ ਪੂਰਨ ਅਤੇ ਸਟੀਕ ਗਿਣਤੀ ਦੀ ਲੋੜ ਹੈ।
- ਭਾਵੇਂ ਹੀ ਜਨ-ਗਣਨਾ ਦੀ ਗਿਣਤੀ ਬੰਦ ਹੋ ਗਈ ਹੈ, ਪਰ ਇਹ ਯਕੀਨੀ ਕਰਨ ਦੇ ਲਈ ਸਾਡੀਆਂ ਕੋਸ਼ਿਸ਼ਾਂ ਖਤਮ ਨਹੀਂ ਹੋਈਆਂ ਹਨ ਕਿ ਸਾਡੇ ਸਮੁਦਾਇਆਂ ਦਾ ਜਨ-ਗਣਨਾ ਵਿੱਚ ਪੂਰੀ ਤਰ੍ਹਾਂ ਨਾਲ ਪ੍ਰਤੀਨਿੱਧ ਕੀਤਾ ਜਾਂਦਾ ਹੈ, ਅਤੇ ਇਸ ਨਾਲ ਹੋਣ ਵਾਲੀ ਧਨ ਅਤੇ ਰਾਜਨੀਤਿਕ ਸ਼ਕਤੀ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। 31 ਦਿਸੰਬਰ ਤੱਕ ਅੰਤਿਮ ਸੰਖਿਆਵਾਂ ਦੀ ਰਿਪੋਰਟ ਕਰਨ ਦੇ ਲਈ ਡੇਟਾ ਪ੍ਰਕਿਰਿਆ ਵਿੱਚ ਤੇਜ਼ੀ ਕਰਨ ਨਾਲ ਸੰਭਾਵਤ ਤੌਰ 'ਤੇ ਪਹਿਲਾਂ ਘੱਟ ਗਿਣੇ ਗਏ ਸਮੁਦਾਇਆਂ ਦੀ ਗਲਤ ਗਿਣਤੀ ਹੋਵੇਗੀ।
- ਸੰਵਿਧਾਨ ਵਿੱਚ ਇਹ ਸਪਸ਼ਟ ਹੈ ਕਿ ਜਨ-ਗਣਨਾ ਵਿੱਚ "ਹਰੇਕ ਰਾਜ ਦੇ ਵਿਅਕਤੀਆਂ ਦੀ ਪੂਰੀ ਸੰਖਿਆ ਦੀ ਗਿਣਤੀ ਕੀਤੀ ਜਾਣੀ ਚਾਹੀਦੀ ਹੈ।" ਕਾਂਗਰਸ ਦੀਆਂ ਸੀਟਾਂ ਨੂੰ ਵੰਡਣ ਦੀ ਗਿਣਤੀ ਨਾਲ ਸਾਡੇ ਸਮੁਦਾਏ ਦੇ ਬਿਨਾਂ ਦਸਤਾਵੇਜ਼ ਵਾਲੇ ਸਦੱਸਾਂ ਨੂੰ ਕੱਢਣਾ ਪ੍ਰਵਾਸੀ ਸਮੁਦਾਇਆਂ ਅਤੇ ਰੰਗ ਦੇ ਕਈ ਸਮੁਦਾਇਆਂ ਦੇ ਰਾਜਨੀਤਿਕ ਪ੍ਰਤੀਨਿੱਧ ਨੂੰ ਗ਼ੈਰ-ਅਨੁਪਾਤੀ ਢੰਗ ਨਾਲ ਪ੍ਰਭਾਵਤ ਕਰੇਗਾ।
- MALDEF ਦੇ ਨਾਲ ਸਾਂਝੇਦਾਰੀ ਵਿੱਚ, ਉੱਨਤ ਨਿਆਂ-AAJC ਸਾਡੇ ਸਮੁਦਾਇਆਂ ਦੇ ਪ੍ਰਤੀਨਿੱਧ ਨੂੰ ਯਕੀਨੀ ਕਰਨ ਦੇ ਲੇਈ ਅਦਾਲਤ ਵਿੱਚ ਇਹਨਾਂ ਮੁੱਦਿਆਂ 'ਤੇ ਲੜਨਾ ਜਾਰੀ ਰੱਖਦਾ ਹੈ।